## ਜਮਾਤ 8ਵੀਂ -ਕੰਪਿਊਟਰ ਸਾਇੰਸ

## ਮਾਡਲ ਪ੍ਰਸ਼ਨ ਪੱਤਰ (ਸੈਸ਼ਨ: 2024-25)

**ਸਮਾਂ: 2 ਘੰਟੇ** **ਕੁੱਲ ਅੰਕ: 40**

**ਨੋਟ:**

1. ਪ੍ਰਸ਼ਨ ਪੱਤਰ ਤਿੰਨ੍ਹ ਭਾਗਾਂ (ਭਾਗ ੳ, ਭਾਗ ਅ ਅਤੇ ਭਾਗ ੲ) ਵਿਚ ਵੰਡਿਆ ਹੋਵੇਗਾ।
2. ਭਾਗ-ੳ ਵਿਚ ਪ੍ਰਸ਼ਨ ਨੰਬਰ 1 ਤੋਂ 2 ਤੱਕ ਹੋਣਗੇ।
   i. ਪ੍ਰਸ਼ਨ ਨੰ 1 ਵਿਚ 1-1 ਅੰਕ ਵਾਲੇ 9 ਪ੍ਰਸ਼ਨ ਬਹੁ-ਵਿਕਲਪੀ ਅਤੇ ਖਾਲੀ ਥਾਵਾਂ ਭਰੋ ਕਿਸਮਾਂ ਦੇ ਹੋਣਗੇ।
   ii. ਪ੍ਰਸ਼ਨ ਨੰ 2 ਵਿਚ 1-1 ਅੰਕ ਵਾਲੇ 8 ਪ੍ਰਸ਼ਨ ਪੂਰੇ ਰੂਪ, ਸਹੀ/ਗਲਤ, ਅਤੇ ਸ਼ਾਰਟਕੱਟ ਕੀਅਜ਼ ਕਿਸਮਾਂ ਦੇ ਹੋਣਗੇ।
3. ਭਾਗ-ਅ ਵਿਚ ਪ੍ਰਸ਼ਨ ਨੰਬਰ 3 ਤੋਂ 7 ਤੱਕ 3-3 ਅੰਕਾਂ ਦੇ ਛੋਟੇ ਉੱਤਰਾਂ ਵਾਲੇ 5 ਪ੍ਰਸ਼ਨ ਹੋਣਗੇ, ਜਿਹਨਾਂ ਵਿਚ ਦੋ ਪ੍ਰਸ਼ਨਾਂ ਵਿਚ ਅੰਦਰੂਨੀ ਛੋਟ ਹੋਵੇਗੀ।
4. ਭਾਗ-ੲ ਵਿਚ ਪ੍ਰਸ਼ਨ ਨੰਬਰ 8 ਤੋਂ 9 ਤੱਕ 4-4 ਅੰਕਾਂ ਦੇ ਵੱਡੇ ਉੱਤਰਾਂ ਵਾਲੇ 2 ਪ੍ਰਸ਼ਨ ਹੋਣਗੇ, ਜਿਹਨਾਂ ਵਿਚ ਅੰਦਰੂਨੀ ਛੋਟ ਹੋਵੇਗੀ।

### ਭਾਗ-ੳ (17x1=17)

### ਵਸਤੂਨਿਸ਼ਠ ਕਿਸਮਾਂ ਦੇ ਪ੍ਰਸ਼ਨ

ਪ੍ਰਸ਼ਨ: 1 ਬਹੁਪਸੰਦੀ ਪ੍ਰਸ਼ਨ ਅਤੇ ਖਾਲੀ ਥਾਵਾਂ ਭਰੋ ਕਿਸਮਾਂ ਦੇ ਪ੍ਰਸ਼ਨ

i ਨੰਬਰਪੈਡ ਦੀ ਵਰਤੋਂ ਲਈ ________ ਕੀਅ ON ਰੱਖਣੀ ਚਾਹੀਦੀ ਹੈ।

ੳ. ਨਮ ਲਾਕ ਅ. ਕੈਪਸ ਲਾਕ
ੲ. ਸਕਰੋਲ ਲਾਕ ਸ. ਇਹਨਾਂ ਵਿਚੋਂ ਕੋਈ ਨਹੀਂ

ii __________ ਇੱਕ ਡਿਵਾਈਸ ਹੈ ਜੋ ਕੰਪਿਊਟਰ ਨੂੰ ਟੈਲੀਫੋਨ ਲਾਈਨ ਨਾਲ ਜੋੜਦਾ ਹੈ।

ੳ. ਮਾਡਮ ਅ. ਮਾਊਸ
ੲ. ਟੈਲੀਫੋਨ ਤਾਰ ਸ. ਮੋਬਾਈਲ

iii ________ ਤੋਂ ਭਾਵ ਹੈ ਸਾਡਾ ਕੰਪਿਊਟਰ ਇੰਟਰਨੈਟ ਤੋਂ ਡਾਟਾ ਪ੍ਰਾਪਤ ਕਰ ਰਿਹਾ ਹੈ।

ੳ. ਅਪਲੋਡਿੰਗ ਅ. ਡਾਊਨਲੋਡਿੰਗ
ੲ. ਸਰਫਿੰਗ ਸ. ਇਹਨਾਂ ਵਿਚੋਂ ਕੋਈ ਨਹੀਂ

iv ਇੱਕ __________ ਪ੍ਰੈਜ਼ਨਟੇਸ਼ਨ ਦਾ ਇੱਕ ਪੇਜ਼ ਹੁੰਦਾ ਹੈ।

ੳ. ਸਲਾਇਡ ਅ. ਡਾਕੂਮੈਂਟ
ੲ. ਸ਼ੀਟ ਸ. ਇਹਨਾਂ ਵਿਚੋਂ ਕੋਈ ਨਹੀਂ

v ________________ ਕੰਟਰੋਲ ਸਲਾਇਡ ਕੰਟੈਂਟਸ ਨੂੰ ਨੇੜੇ ਤੋਂ ਵੇਖਣ ਲਈ ਸਾਨੂੰ ਜ਼ੂਮ-ਇਨ ਕਰਨ ਦੀ ਆਗਿਆ ਦਿੰਦਾ ਹੈ।

ੳ. ਜ਼ੂਮ ਅ. ਸਲਾਇਡ
ੲ. ਨਾਰਮਲ ਵਿਊ ਸ. ਗ੍ਰੇਡੀਐਂਟ

vi ਪਵਾਰਪੁਆਇੰਟ ਪਹਿਲਾਂ ਤੋਂ ਪਰਿਭਾਸ਼ਿਤ ਐਨੀਮੇਸ਼ਨ ਇਫੈਕਟਸ ਦਾ ਸਮੂਹ ਪ੍ਰਦਾਨ ਕਰਦਾ ਹੈ, ਜਿਹਨਾਂ ਨੂੰ ________________ ਕਿਹਾ ਜਾਂਦਾ ਹੈ।

vii ਅਸੀਂ ਪਾਵਰਪੁਆਇੰਟ ਪ੍ਰੈਜ਼ਨਟੇਸ਼ਨ ਨੂੰ ਪਾਵਰਪੁਆਇੰਟ ਸ਼ੋਅ ਵੱਜੋਂ ___________ ਐਕਸਟੈਂਸ਼ਨ ਨਾਲ ਸੇਵ ਕਰ ਸਕਦੇ ਹਾਂ।

viii __________ ਕੰਪਿਊਟਰ ਸਾਇੰਸ ਦੀ ਇੱਕ ਨਵੀਂ ਬ੍ਰਾਂਚ ਹੈ ਜੋ ਕਿ ਕੰਪਿਊਟਰ ਨੂੰ ਮਨੁੱਖਾਂ ਵਾਂਗ ਸੋਚਣ ਅਤੇ ਕੰਮ ਕਰਨ ਦੇ ਸਮਰੱਥ ਬਣਾਉਂਦੀ ਹੈ।

ix ਤੀਜੀ ਜੈਨਰੇਸ਼ਨ ਦੇ ਕੰਪਿਊਟਰਾਂ ਵਿੱਚ ਟ੍ਰਾਂਜੀਸਟਰਾਂ ਦੀ ਜਗ੍ਹਾ ____________ ਵਰਤੇ ਜਾਂਦੇ ਸਨ।

ਪ੍ਰਸ਼ਨ:2 ਪੂਰੇ ਰੂਪ, ਸ਼ਾਰਟਕੱਟ ਕੀਅਜ਼ ਅਤੇ ਸਹੀ/ਗਲਤ ਕਿਸਮ ਦੇ ਪ੍ਰਸ਼ਨ

i ਰੋਮ (ROM) ਦਾ ਪੂਰਾ ਨਾਂ ਕੀ ਹੈ?

ii URL ਦਾ ਪੂਰਾ ਨਾਂ ਕੀ ਹੈ?

iii WWW ਦਾ ਪੂਰਾ ਨਾਂ ਕੀ ਹੈ?

iv SRAM ਦਾ ਪੂਰਾ ਨਾਂ ਕੀ ਹੈ?

v ਇੱਕ ਨਵੀਂ ਸਲਾਇਡ ਦਾਖਲ ਕਰਨ ਦੀ ਸ਼ਾਰਟਕੱਟ ਕੀਅ ਲਿਖੋ।

vi ਪਾਵਰਪੁਆਇੰਟ ਵਿੱਚ ਪ੍ਰੈਜ਼ਨਟੇਸ਼ਨ ਨੂੰ ਸੇਵ ਕਰਨ ਦੀ ਸ਼ਾਰਕੱਟ ਕੀਅ ਲਿਖੋ।

vii ਟੱਚ ਟਾਈਪਿੰਗ ਇੱਕ ਅਜਿਹੀ ਤਕਨੀਕ ਹੈ ਜਿਸ ਰਾਹੀਂ ਅਸੀਂ ਕੀਅ-ਬੋਰਡ ਨੂੰ ਦੇਖਦੇ ਹੋਏ ਤੇਜ਼ ਰਫਤਾਰ ਟਾਈਪਿੰਗ ਕਰਨੀ ਸਿਖਦੇ ਹਾਂ। (ਸਹੀ/ਗਲਤ)

viii ਆਫਲਾਈਨ ਦਾ ਅਰਥ ਹੈ, ਇੰਟਰਨੈਟ ਨਾਲ ਜੁੜੇ ਹੋਣਾ। (ਸਹੀ/ਗਲਤ)

## ਭਾਗ-ਅ (5x3=15)

## ਛੋਟੇ ਉੱਤਰਾਂ ਵਾਲੇ ਪ੍ਰਸ਼ਨ

ਪ੍ਰਸ਼ਨ:3 ਪੰਜਾਬੀ ਵਿਚ ਟਾਈਪਿੰਗ ਲਈ ਕਿਹੜੇ ਵੱਖ-ਵੱਖ ਕਿਸਮਾਂ ਦੇ ਫੌਂਟਸ ਦੀ ਵਰਤੋਂ ਕੀਤੀ ਜਾਂਦੀ ਹੈ?

ਪ੍ਰਸ਼ਨ:4 ਪਾਵਰਪੁਆਇੰਟ ਵਿੱਚ ਸਲਾਇਡ ਪੇਨ (Slide Pane) ਅਤੇ ਨੋਟਸ ਪੇਨ (Notes Pane) ਸੰਬੰਧੀ ਜਾਣਕਾਰੀ ਦਿਓ।

ਪ੍ਰਸ਼ਨ:5 ਪਾਵਰਪੁਆਇੰਟ ਵਿੱਚ ਮੋਜੂਦ 4 ਕਿਸਮਾਂ ਦੀਆਂ ਐਨੀਮੇਸ਼ਨਜ਼ ਦੇ ਨਾਂ ਲਿਖੋ।

ਜਾਂ

ਤੁਸੀਂ ਪਾਵਰਪੁਆਇੰਟ ਵਿੱਚ ਐਨੀਮੇਸ਼ਨਜ਼ ਦਾ ਪ੍ਰੀਵਿਊ (Preview) ਕਿਵੇਂ ਦੇਖੋਗੇ?

ਪ੍ਰਸ਼ਨ:6 ਪਹਿਲੀ ਜੈਨਰੇਸ਼ਨ ਦੇ ਕੰਪਿਊਟਰਾਂ ਦੀਆਂ ਵਿਸ਼ੇਸ਼ਤਾਵਾਂ ਲਿਖੋ।

ਪ੍ਰਸ਼ਨ:7 ਮੈਮਰੀ ਕੀ ਹੈ?

ਜਾਂ

ਪ੍ਰਾਈਮਰੀ ਮੈਮਰੀ ਕੀ ਹੈ?

## ਭਾਗ-ੲ (2x4=8)

## ਵੱਡੇ ਉੱਤਰਾਂ ਵਾਲੇ ਪ੍ਰਸ਼ਨ

ਪ੍ਰਸ਼ਨ:8 ਮਾਡਮ (MODEM) ਕੀ ਹੈ? ਇਸਦੀਆਂ ਕਿਸਮਾਂ ਅਤੇ ਰਫਤਾਰ ਸੰਬੰਧੀ ਜਾਣਕਾਰੀ ਦਿਓ।

ਜਾਂ

ਈ-ਮੇਲ ਕੀ ਹੈ? ਈ-ਮੇਲ ਦੀ ਵਰਤੋਂ ਦੇ ਲਾਭ ਲਿਖੋ।

ਪ੍ਰਸ਼ਨ:9 ਮੋਬਾਈਲ ਟੈਕਨੋਲੋਜੀ ਉੱਪਰ ਨੋਟ ਲਿਖੋ।

ਜਾਂ

ਨੈਟ ਬੈਂਕਿੰਗ ਦੀ ਵਿਆਖਿਆ ਕਰੋ।